# ਆਪਣੀ Apple Health (ਐੱਪਲ ਹੈਲਥ) ਕਵਰੇਜ ਨਵਿਆਉਣੀ

ਸਿਹਤ ਕਵਰੇਜ ਬਣਾਈ ਰੱਖਣ ਲਈ ਹਰ ਸਾਲ Apple Health (Medicaid) ਕਵਰੇਜ ਜ਼ਰੂਰ ਨਵਿਆਉਣੀ ਚਾਹੀਦੀ ਹੈ। ਤੁਹਾਨੂੰ ਇਹ ਫ਼ਲਾਇਰ ਇਸ ਕਰਕੇ ਮਿਲ ਰਿਹਾ ਹੈ, ਕਿਉਂਕਿ ਤੁਹਾਨੂੰ, ਆਪਣੇ ਆਪ ਲਈ ਜਾਂ ਆਪਣੇ ਘਰ ਵਿਚ ਕਿਸੇ ਹੋਰ ਲਈ ਕਵਰੇਜ ਨਵਿਆਉਣ ਵਾਸਤੇ ਕਾਰਵਾਈ ਕਰਨ ਦੀ ਲੋੜ ਹੈ। ਤੁਸੀਂ ਬੱਸ ਆਪਣੀ ਅੰਤਮ-ਤਾਰੀਖ਼ ਵੀ ਖੁੰਝਾ ਚੁੱਕੇ ਹੋ ਸਕਦੇ ਹੋ।

Washington Apple Health

## ਤੁਸੀਂ ਕਵਰੇਜ ਕਿਵੇਂ ਨਵਿਆ ਸਕਦੇ ਹੋ

ਨਵਿਆਉਣ ਦੇ ਹੇਠਾਂ ਦਿੱਤੇ ਵਿਕਲਪਾਂ ਵਿਚੋਂ ਇੱਕ ਦੀ ਵਰਤੋਂ ਕਰੋ:

### www.wahealthplanfinder.org 'ਤੇ ਔਨਲਾਈਨ

- ਜੇ ਤੁਹਾਡਾ Washington Healthplanfinder (ਵਾੱਸ਼ਿੰਗਟਨ ਹੈਲਥਪਲੈਨਫ਼ਾਈਂਡਰ) ਅਕਾਉਂਟ ਹੈ, ਤਾਂ ਲਾੱਗ ਇਨ ਕਰੋ ਅਤੇ ਕੁਇਕ ਲਿੰਕਸ ਹੇਠ "Update My Application and Renew Coverage" ("ਆਪਣੀ ਅਰਜ਼ੀ ਅਪਡੇਟ ਕਰਨੀ ਅਤੇ ਕਵਰੇਜ ਨਵਿਆਉਣੀ") ਚੁਣੋ
- ਜੇ ਤੁਹਾਡਾ Healthplanfinder (ਹੈਲਥਪਲੈਨਫ਼ਾਈਂਡਰ) ਅਕਾਉਂਟ ਨਹੀਂ ਹੈ, ਤਾਂ "Apply Now" ("ਹੁਣੇ ਅਪਲਾਈ ਕਰੋ") 'ਤੇ ਕਲਿੱਕ ਕਰੋ, ਆਪਣੀ ਜਾਣਕਾਰੀ ਭਰੋ ਅਤੇ ਕੁਇਕ ਲਿੰਕਸ ਹੇਠ "Update My Application and Renew Coverage" ("ਆਪਣੀ ਅਰਜ਼ੀ ਅਪਡੇਟ ਕਰਨੀ ਅਤੇ ਕਵਰੇਜ ਨਵਿਆਉਣੀ") ਚੁਣੋ

### WAPlanfinder ਮੋਬਾਈਲ ਐਪ ਦੀ ਵਰਤੋਂ ਕਰਨੀ

- ਜੇ ਤੁਹਾਡਾ Healthplanfinder (ਹੈਲਥਪਲੈਨਫ਼ਾਈਂਡਰ) ਅਕਾਉਂਟ ਹੈ ਜਾਂ ਨਵਾਂ ਬਣਾਉਣਾ ਚਾਹੁੰਦੇ ਹੋ, ਤਾਂ ਕਵਰੇਜ ਨਵਿਆਉਣ ਲਈ WAPlanfinder ਐਪ ਦੀ ਵਰਤੋਂ ਕਰੋ
- ਐਪ App Store (ਐਪ ਸਟੋਰ) ਅਤੇ Google Play (ਗੂਗਲ ਪਲੇ) 'ਤੇ ਉਪਲਬਧ ਹੈ

### 1-855-923-4633 'ਤੇ Healthplanfinder ਗਾਹਕ ਸਹਾਇਤਾ ਸੈਂਟਰ ਨੂੰ ਕਾੱਲ ਕਰੋ

### ਡਾਕ ਰਾਹੀਂ ਮਿਲੇ ਨਵਿਆਉਣ ਸਬੰਧੀ ਦਸਤਾਵੇਜ਼ ਅਪਡੇਟ ਕਰੋ, ਦਸਤਖ਼ਤ ਕਰੋ ਅਤੇ ਹੇਠਾਂ ਦਿੱਤੇ ਵਿਕਲਪਾਂ ਵਿਚੋਂ ਇੱਕ ਦੀ ਵਰਤੋਂ ਕਰਦਿਆਂ ਇਸ ਨੂੰ ਵਾਪਸ ਕਰੋ:

- **ਮੇਲ:** PO Box 946, Olympia, WA 98507
- **ਫ਼ੈਕਸ:** 1-855-867-4467
- **CSO:** ਇਸ ਨੂੰ ਆਪਣੇ ਸਥਾਨਕ DSHS ਭਾਈਚਾਰਕ ਸੇਵਾ ਬਾਰੇ ਦਫ਼ਤਰ ਦੀ ਲਾੱਬੀ ਵਿਚਲੇ ਦਸਤਾਵੇਜ਼ਾਂ ਵਾਲੇ ਬਾੱਕਸ ਵਿਚ ਪਾਓ: **www.dshs.wa.gov/office-locations**

ਨਵਿਆਉਣ ਦਾ ਤੁਹਾਡਾ ਅਮਲ ਸ਼ੁਰੂ ਹੁੰਦਿਆਂ ਹੀ, ਤੁਹਾਨੂੰ ਇਹ ਦੱਸਣ ਲਈ ਨੋਟਿਸ ਭੇਜਿਆ ਜਾਏਗਾ ਕਿ ਤੁਸੀਂ ਜਾਂ ਤੁਹਾਡੇ ਘਰ ਦਾ ਮੈਂਬਰ ਅਜੇ ਵੀ ਕਵਰੇਜ ਲਈ ਯੋਗ ਹੈ। ਇਹ ਪੱਕਾ ਕਰਨ ਲਈ ਤੁਹਾਨੂੰ ਆਪਣੀ ਕਵਰੇਜ ਨਵਿਆਉਣ ਦਾ ਅਮਲ ਜ਼ਰੂਰ ਮੁਕੰਮਲ ਕਰਨਾ ਚਾਹੀਦਾ ਹੈ ਕਿ ਤੁਸੀਂ ਸਿਹਤ ਕਵਰੇਜ ਨੂੰ ਜਾਰੀ ਰੱਖਣ ਲਈ ਯੋਗ ਹੋ।

### ਅੰਤਮ-ਤਾਰੀਖ਼ ਖੁੰਝ ਗਈ ਹੈ?

ਜੇ ਤੁਸੀਂ ਨਵਿਆਉਣ ਦੀ ਅੰਤਮ-ਤਾਰੀਖ਼ ਖੁੰਝਾ ਦਿੱਤੀ ਹੈ ਅਤੇ ਤੁਹਾਡੀ ਜਾਂ ਤੁਹਾਡੇ ਘਰ ਦੇ ਮੈਂਬਰ ਦੀ Apple Health (ਐੱਪਲ ਹੈਲਥ) ਕਵਰੇਜ ਖੁੰਝ ਗਈ ਹੈ, ਤਾਂ ਨਵਿਆਉਣ ਦੇ ਵਿਕਲਪਾਂ ਵਿਚੋਂ ਇੱਕ ਦੀ ਵਰਤੋਂ ਕਰਦਿਆਂ, ਨਵਿਆਉਣ ਦਾ ਅਮਲ ਮੁਕੰਮਲ ਕਰਨ ਲਈ ਤੁਹਾਡੇ ਕੋਲ 90 ਦਿਨ ਹੁੰਦੇ ਹਨ। ਜੇ ਤੁਸੀਂ ਯੋਗ ਹੋ, ਤਾਂ ਤੁਹਾਡੀ ਕਵਰੇਜ, ਬਿਨਾ ਕਿਸੇ ਖੱਪੇ ਦੇ ਤੁਹਾਡੀ ਖੁੰਝੀ ਹੋਈ ਤਾਰੀਖ਼ ਤੋਂ ਜਾਰੀ ਰਹੇਗੀ।

ਜੇ ਤੁਸੀਂ Apple Health (ਐੱਪਲ ਹੈਲਥ) ਲਈ ਯੋਗ ਨਹੀਂ ਹੋ, ਤਾਂ ਤੁਸੀਂ ਪ੍ਰੀਮੀਅਮ ਦਾ ਭੁਗਤਾਨ ਕਰਕੇ ਜਾਂ ਬਿਨਾ ਭੁਗਤਾਨ ਦੇ ਯੋਗਤਾ ਵਾਲੇ ਸਿਹਤ ਪਲਾਨ ਰਾਹੀਂ ਦੂਜੀ ਕਵਰੇਜ ਲਈ ਯੋਗ ਹੋ ਸਕਦੇ ਹੋ। ਇਹ ਵੇਖਣ ਲਈ ਕਿ ਤੁਸੀਂ ਇਹਨਾਂ ਪਲਾਨਾਂ ਵਿਚੋਂ ਇੱਕ ਲਈ ਯੋਗ ਹੋ, ਵਾਸਤੇ ਤੁਹਾਨੂੰ ਨਵਿਆਉਣ ਦਾ ਆਪਣਾ ਅਮਲ ਜ਼ਰੂਰ ਮੁਕੰਮਲ ਕਰਨਾ ਚਾਹੀਦਾ ਹੈ।

### ਸੁਆਲ ਹਨ?

Apple Health (ਐੱਪਲ ਹੈਲਥ) ਕਵਰੇਜ ਬਾਰੇ, ਜੇ ਤੁਹਾਡੇ ਸੁਆਲ ਹਨ, ਤਾਂ ਕਿਰਪਾ ਕਰਕੇ ਸਿਹਤ-ਸੰਭਾਲ ਅਥਾੱਰਿਟੀ ਦੇ ਮੈਡੀਕਲ ਸਹਾਇਤਾ ਬਾਰੇ ਗਾਹਕ ਸਰਵਿਸ ਸੈਂਟਰ ਨਾਲ ਸੰਪਰਕ ਕਰੋ:

- **ਫ਼ੋਨ:** 1-800-562-3022
- **ਵੈੱਬ ਫ਼ਾਰਮ ਲੈਣ ਲਈ:** **https://fortress.wa.gov/hca/p1contactus/**



Washington State Health Care Authority